Surrey Schools
LEADERSHIP IN LEARNING

Tel: 604.596.7733
www.surreyschools.ca

# Keeping children safe..Suggestions for Parents
## ਬੱਚਿਆਂ ਦੀ ਸੁਰੱਖਿਆ ਲਈ ਸੁਝਾਓ

. ਬੱਚਿਆਂ ਨੂੰ ਸਿਫਰ ਜਾਂ 911 ਨੰਬਰ ਵਰਤਣਾ ਸਿਖਾਓ ਜਦੋਂ ਮਦਦ ਦੀ ਲੋੜ ਪਵੇ ।

. ਬੱਚਿਆਂ ਨੂੰ ਸਿਖਾਓ ਕਿ ਨਾਂ ਤਾਂ ਓਹ ਅਣਜਾਣ ਵਿਅਕਤੀਆਂ ਲਈ ਦਰਵਾਜ਼ਾ ਖੋਲਣ ਅਤੇ ਨਾਂ ਹੀ ਅਣਜਾਣੇ ਵਿਅਕਤੀਆਂ ਨੂੰ ਟੈਲੀਫੂਨ ਓਪਰ ਕੋਈ ਵੀ ਜਾਣਕਾਰੀ ਦੇਣ

. ਆਪਣੇ ਬੱਚਿਆਂ ਦਾ ਨਾਂ ਕਪੜਿਆਂ ਦੇ ਜਾਂ ਚੀਜ਼ਾਂ ਦੇ ਅੰਦਰ ਦੇ ਪਾਸੇ ਹੀ ਲਿਖੋ ।

. ਆਪਣੇ ਬੱਚੇ ਦੇ ਦੋਸਤਾਂ ਮਿੱਤਰਾਂ ਜਾਂ ਸਹੇਲੀਆਂ ਦੇ ਫੋਨ ਨੰਬਰ ਅਤੇ ਘਰ ਦੇ ਠੀਕ ਅਤੇ ਚਲੰਤ, ਲਿਖ ਕਿ ਰੱਖੋ ।

. ਆਪਣੇ ਬੱਚਿਆਂ ਨੂੰ ਇੱਕ ਗੁਪਤ ਕੋਡ ਸਿਖਾਓ ਜਿਸ ਨਾਲ ਅਗਰ ਕੋਈ ਅਣਜਾਣ ਵਿਅਕਤੀ ਓਹਨਾਂ ਨੂੰ ਲੈਣ ਲਈ ਸਕੂਲ  ਆਏ ਤਾਂ ਓਸ ਨੂੰ ਇਸ ਕੋਡ ਦੀ ਜਾਣਕਾਰੀ ਹੋਵੇ । ਅਗਰ ਨਹੀਂ ਤਾਂ ਬੱਚੇ ਨੂੰ ਓਸ ਨਾਲ ਨਹੀਂ ਤੁਰਨਾ ਚਾਹੀਦਾ ।

. ਬੱਚੇ ਦਾ ਸਕੂਲ ਜਾਣ ਅਤੇ ਆਓਣ ਲਈ ਇੱਕ ਸੁਰੱਖਿਅਕ ਰਸਤਾ ਚੁਣ ਲਵੋ ਅਤੇ ਬੱਚੇ ਨੂੰ ਕਹੋ ਕਿ ਹਰ ਦਿਨ ਓਹ ਇਸ ਹੀ ਰਸਤੇ ਦੀ ਵਰਤੋਂ ਕਰੇ । ਓਸਨੂੰ ਕੋਈ ਹੋਰ ਨੇੜੇ ਦਾ ਰਸਤਾ ਕਦੇ ਵੀ ਨਹੀਂ ਵਰਤਣਾ ਚਾਹੀਦਾ ।

. ਇਸ ਰਸਤੇ ਵਿੱਚ ਬੱਚੇ ਨੂੰ ਸੁਰੱਖਿਅਕ ਘਰਾਂ ਬਾਰੇ ਜਾਣਕਾਰੀ ਦਿਓ ਜਿਥੇ ਲੋੜ ਵੇਲੇ ਓਹ ਦਰਵਾਜ਼ਾ ਖੜਕਾ ਸਕੇ ।

. ਸਦਾ ਹੀ ਜਿਹਨਾਂ ਥਾਵਾਂ ਓਪਰ ਬੱਚੇ ਖੇਡਦੇ ਹਨ, ਦੇਖੋ ਕਿ ਓਹ ਥਾਂ ਖੇਲ੍ਹਣ ਲਈ ਸੁੱਰਖਿਅਕ ਵੀ ਹਨ ਅਤੇ ਸਦਾ ਹੀ ਘਰ ਦਾ ਕੋਈ ਵੀ ਮੈਂਬਰ ਬੱਚਿਆਂ ਦੀ ਨਿਗਰਾਨੀ ਕਰਨ ਲਈ ਨਿਯੁਕਤ ਕਰੋ ।

. ਕਦੇ ਵੀ ਬੱਚੇ ਨੂੰ ਕਿਸੇ ਪਾਰਕ ਵਿੱਚ ਦੇ ਜਾਂ ਹੋਰ ਲੋਕਲ ਵਾਸ਼ਰੂਮ ਵਿੱਚ ਇੱਕਲਿਆਂ ਨਾਂ ਜਾਣ ਦਿਓ ।

. ਅਗਰ ਤੁਹਾਡਾ ਬੱਚਾ ਕਹੇ ਕਿ ਓਹ ਕਿਸੇ ਦੋਸਤ ਦੇ ਘਰ ਜਾ ਰਿਹਾ ਹੈ, ਤਾਂ ਪਹਿਲਾਂ ਦੋਸਤ ਦੇ ਮਾਂ ਬਾਪ ਨਾਲ ਬੱਚਿਆਂ ਦੀ ਨਿਗਰਾਨੀ ਰੱਖਣ ਲਈ ਸਮਝੌਤਾ ਜ਼ਰੂਰ ਕਰ ਲਓ । ਇਹ ਵੀ ਜਾਣ ਲਓ ਕਿ ਵਾਕਿਆ ਹੀ ਤੁਹਾਡਾ ਬੱਚਾ ਓਸ ਹੀ ਘਰ ਹੈ ਜਿਸ ਘਰ ਬਾਰੇ ਤੁਹਾਡੇ ਕੋਲੋਂ ਇਜ਼ਾਜ਼ਤ ਲੈ ਕਿ ਗਿਆ ਸੀ ।

. ਬੱਚਿਆਂ ਨੂੰ ਇਹ ਸਮਝਾ ਦਿਓ ਕਿ ਖਤਰਨਾਕ ਅਜਨਬੀ ਲੋਕ ਹਰ ਵਰਗ ਦੇ ਹੋ ਸਕਦੇ ਹਨ । ਓਹ ਮਰਦ ਵੀ ਅਤੇ ਔਰਤ ਵੀ, ਵਧੀਆਂ ਕਪੱੜਿਆਂ ਵਾਲੇ ਵੀ ਅਤੇ ਨਿਕੰਮੇ ਕੱਪੜਿਆਂ ਵਾਲੇ ਵੀ, ਵਧੀਆ ਕਾਰ ਜਾਂ ਵੈਨ ਵਾਲੇ ਜਾਂ ਘਟੀਆ ਕਾਰ ਜਾਂ ਵੈਨ ਵਾਲੇ ਅਤੇ ਓਹ ਨੋਜਵਾਨ ਵੀ ਅਤੇ ਬੁੱਢੇ ਵੀ ਹੋ ਸਕਦੇ ਹਨ। ਅਣਜਾਣ ਵਿਅਕਤੀਆਂ ਨਾਲ ਮੁਲਾਕਾਤ ਕਰਨੀ ਘਟੀਆ ਹੀ ਸਾਬਿਤ ਹੋਏਗੀ ।

. ਅਗਰ ਤੁਹਾਡੇ ਬੱਚੇ ਨਾਲ ਕਿਸੇ ਅਣਜਾਣ ਵਿਅਕਤੀ ਦਾ ਵਾਹ ਪੈ ਹੀ ਜਾਂਦਾ ਹੈ ਤਾਂ ਬੱਚੇ ਨੂੰ ਇਹ ਜ਼ਰੂਰ ਸਮਝਾ ਦਿਓ ਕਿ ਓਸ ਅਣਜਾਣ ਨਾਲ ਬਾਤਚੀਤ ਕੁੱਝ ਦੂਰੀ ਤੋਂ ਹੀ ਕੀਤੀ ਜਾਵੇ  ਓਹਦੇ ਕਲਾਵੇ ਵਿੱਚ ਆਓਣ ਤੋਂ ਜਾਂ ਓਸ ਦੇ ਧੱਕੇ ਤੋਂ ਬਚਣਾ ।

. ਆਪਣੇ ਬੱਚੇ ਵਾਰੇ ਚਲੰਤ ਜਾਣਕਾਰੀ ਸਾਂਭ ਕੇ ਰੱਖੋਂ, ਜਿਸ ਤਰਾਂ ਓਸਦੀ ਫੋਟੋ, ਓਸ ਦਾ ਭਾਰ, ਓਸ ਦੀ ਲੰਬਾਈ, ਓਸ ਦੇ ਦੰਦਾ ਦਾ ਰਿਕਾਰਡ ਅਤੇ ਓਸਦੇ ਹੱਥਾਂ ਅਤੇ ਓਂਗਲੀਆਂ ਦੇ ਨਿਸ਼ਾਨ ।

. ਬੱਚੇ ਕੋਲੋਂ ਹਰ ਚੀਜ਼ ਜਾਂ ਗੱਲ ਦੀ ਜਾਣਕਾਰੀ ਲਓ ਜਿਸ ਨਾਲ ਓਹ ਕੁੱਝ ਪਰੇਸ਼ਾਨੀ ਵਿੱਚ ਹੋਵੇ । ਬੱਚੇ ਨੂੰ ਇਹ ਵੀ ਯਕੀਨ ਦਵਾਓ ਕਿ ਅਗਰ ਕਿਸੇ ਥਾਂ ਓਹ ਨਹੀਂ ਜਾਣਾ ਚਾਹੁੰਦਾ ਜਾਂ ਕਿਸੇ ਨਾਲ ਗੱਲ ਨਹੀਂ ਕਰਨਾਂ ਚਾਹੰਦਾ ਤਾ ਨਾਂ ਕਰੇ । ਓਸ ਨੂੰ ਯਕੀਨ ਦਿਲਵਾਓ ਕਿ ਓਹ ਆਪਣੇ ਦਿਲ ਦੀ ਗੱਲ ਬਾਤ ਜਾਂ ਭਾਵਨਾਂ ਨੂੰ ਸਮਝੇ ਅਤੇ ਓਸ ਓਪਰ ਅਮਲ ਕਰੇ ।

. ਬੱਚੇ ਨੂੰ ਇਹ ਯਕੀਨ ਦਿਲਵਾਓ ਅਗਰ ਕੋਈ ਅਣਜਾਣ ਕਿਸੇ ਰਸਤੇ ਜਾਂ ਕਿਤੇ ਜਾਣ ਬਾਰੇ ਪੁੱਛ ਰਿਹਾ ਹੈ ਤਾਂ ਓਸਨੂੰ ਸੁਣੇ ਅਣਸੁਣੇ ਕਰਨਾਂ ਕੋਈ ਮਾੜਾ ਨਹੀਂ ਹੈ । ਇਹਦੇ ਨਾਲ ਬੱਚੇ ਦੇ ਵਿਹਾਰ ਓਪਰ ਕੋਈ ਟੀਕਾ ਟਿਪੱਣੀ ਨਹੀਂ ਕਰੇਗਾ ।

. ਅਗਰ ਕੋਈ ਅਣਜਾਣ ਵਿਅਕਤੀ ਤੁਹਾਡੇ ਬੱਚੇ ਨੂੰ ਮਿਲਣ ਦੀ ਜਾਂ ਬੱਚੇ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕਰੇ ਤਾਂ ਇਹ ਜਾਣਕਾਰੀ ਪੁਲੀਸ ਨੂੰ ਅਤੇ ਸਕੂਲ਼ ਦੇ ਪ੍ਰਿੰਸੀਪਲ ਨੂੰ ਦੱਸ ਦੇਣੀ ਚਾਹੀਦੀ ਹੈ ।